6 ਆਕ੍ਰਿਤੀਆਂ

ਉਦੇਸ਼

- ਕਾਗਜ਼ ਨੂੰ ਕੱਟ ਕੇ ਜਾਂ ਮੋੜ ਕੇ ਵੱਖ-ਵੱਖ ਆਕ੍ਰਿਤੀਆਂ ਬਣਾਉਣੀਆਂ ਆ ਜਾਣ ।
- 2-D ਆਕ੍ਰਿਤੀਆਂ ਦੀ ਪਹਿਚਾਣ ਪੱਕੀ ਹੋ ਜਾਵੇ ।
- ਸਿੱਧੀ ਰੇਖਾ ਅਤੇ ਵਕਰ ਰੇਖਾ ਦੁਆਰਾ ਆਕ੍ਰਿਤੀਆਂ ਬਣਾਉਣੀਆਂ ਸਿੱਖ ਜਾਣ ।
- ਚੀਨੀ ਅੜਾਉਣੀ (Tangram) ਦੀਆਂ ਟੁੱਕੜੀਆਂ ਰਾਹੀਂ ਆਕ੍ਰਿਤੀਆਂ ਬਣਾਉਣੀਆਂ ਆ ਜਾਣ ।
- ਖ਼ਾਸ ਕਿਸਮ ਦੀਆਂ ਟਾਇਲਾਂ ਦੁਆਰਾ ਟਾਇਲਾਂ ਬਣਾਉਣੀਆਂ ਸਿੱਖ ਜਾਣ ।
- ਨਕਸ਼ੇ ਦਾ ਅੰਤਰ ਗਿਆਨ ਅਤੇ ਸਧਾਰਨ ਨਕਸ਼ੇ ਨੂੰ ਪੜਨਾ ਆ ਜਾਵੇ ।
- ਦੋ ਪਾਸਾਰੀ ਅਤੇ ਤਿੰਨ ਪਾਸਾਰੀ ਆਕ੍ਰਿਤੀਆਂ ਬਣਾਉਣੀਆਂ ਸਿੱਖ ਜਾਣ ।

ਤਿੰਨ ਭੁਜਾਵਾਂ ਕਹੋ ਤਿਕੋਣ,
ਵਰਗ, ਆਇਤ ਦੀਆਂ ਚਾਰ।
ਚੱਕਰ ਦੀ ਕੋਈ ਭੁਜਾ ਨਹੀਂ ਹੈ,
ਭਾਵੇਂ ਹੋਵੇ ਅੰਡਾਕਾਰ।

ਕੀ ਤੁਹਾਨੂੰ ਯਾਦ ਹੈ ?

1. ਹੇਠਾਂ ਇੱਕ ਜੋਕਰ ਦਿੱਤਾ ਗਿਆ ਹੈ। ਇਸ ਵਿਚ ਹੇਠ ਦਰਸਾਏ ਅਨੁਸਾਰ ਰੰਗ ਭਰੋ ਅਤੇ ਵੱਖ-ਵੱਖ ਆਕ੍ਰਿਤੀਆਂ ਦੀ ਗਿਣਤੀ ਕਰੋ :



ਤਿਕੋਣ

ਆਇਤ



ਚੱਕਰ



ਵਰਗ



ਤਸਵੀਰ ਦੇਖੋ ਅਤੇ ਲਿਖੋ :

(1) ਤਿਕੋਣਾਂ ਦੀ ਗਿਣਤੀ = ☐ (2) ਆਇਤਾਂ ਦੀ ਗਿਣਤੀ = ☐

(3) ਵਰਗਾਂ ਦੀ ਗਿਣਤੀ = ☐ (4) ਚੱਕਰਾਂ ਦੀ ਗਿਣਤੀ = ☐

2. ਹੇਠਾਂ ਦਿੱਤੀ ਆਕ੍ਰਿਤੀ ਦੇ ਪਾਸੇ, ਸਿਖ਼ਰ ਅਤੇ ਕਿਨਾਰੇ ਗਿਣੋ ਅਤੇ ਗਿਣਤੀ ਲਿਖੋ :



ਪਾਸੇ = ☐

ਸਿਖ਼ਰ = ☐

ਕਿਨਾਰੇ = ☐

3. ਵੱਖ-ਵੱਖ ਆਕ੍ਰਿਤੀਆਂ ਦੇ ਸਾਹਮਣੇ ਉਨ੍ਹਾਂ ਦੇ ਅਕਾਰਾਂ ਦੇ ਨਾਂ ਲਿਖੋ :

____

____

____

____

4. ਤਿਕੋਣਾਂ ਦੀ ਗਿਣਤੀ ਕਰੋ :

☐

ਕਾਗਜ਼ ਨਾਲ ਵੱਖ-ਵੱਖ ਦੋ ਪਾਸਾਰੀ ਆਕ੍ਰਿਤੀਆਂ ਬਣਾਉਣਾ

ਪਿਛਲੀ ਜਮਾਤ ਵਿੱਚ, ਅਸੀਂ ਤਿਕੋਣ, ਆਇਤ, ਵਰਗ ਅਤੇ ਚੱਕਰ ਬਾਰੇ ਪੜ੍ਹ ਚੁੱਕੇ ਹਾਂ । ਇਸ ਜਮਾਤ ਵਿੱਚ, ਅਸੀਂ ਇਨ੍ਹਾਂ ਆਕ੍ਰਿਤੀਆਂ ਨੂੰ ਕਾਗਜ਼ ਨਾਲ ਗਤੀਵਿਧੀਆਂ ਕਰਕੇ ਵਿਦਿਆਰਥੀਆਂ ਦਾ ਗਿਆਨ ਹੋਰ ਪੱਕਾ ਕਰਨ ਲਈ ਯਤਨ ਕਰਾਂਗੇ।

ਗਤੀਵਿਧੀ

ਅਧਿਆਪਕ ਜਮਾਤ ਵਿੱਚ ਦਾਖ਼ਲ ਹੁੰਦੇ ਹੀ ਬੱਚਿਆਂ ਨੂੰ ਕਹੇਗਾ ਕਿ ਅੱਜ ਅਸੀਂ ਕਾਗਜ਼ ਤੋਂ ਵੱਖਰੀਆਂ-ਵੱਖਰੀਆਂ ਆਕ੍ਰਿਤੀਆਂ ਬਣਾਉਣ ਦੀ ਖੇਡ ਖੇਡਾਂਗੇ ।

ਹੇਠ ਦਿੱਤੇ ਕਾਗਜ਼ਾਂ ਵਿਚੋਂ ਵੱਡੀ ਤੋਂ ਵੱਡੀ ਸੰਭਵ ਆਇਤ ਕੱਟੋ ।



ਅਧਿਆਪਕ ਸੰਕੇਤ :

ਰੰਗੀਨ ਕਾਗਜ਼ ਲੈ ਕੇ ਉਨ੍ਹਾਂ ਨਾਲ ਵੱਖਰੀਆਂ-ਵੱਖਰੀਆਂ ਆਕ੍ਰਿਤੀਆਂ ਬਣਵਾਉਣਾ।

ਹੋਰ ਦੋ ਪਾਸਾਰੀ ਆਕ੍ਰਿਤੀਆਂ



ਪੰਜ ਭੁਜ



ਛੇ ਭੁਜ

ਤਿਕੋਣ, ਵਰਗ ਅਤੇ ਆਇਤ ਵਾਂਗ ਇਹ ਵੀ ਦੋ ਪਾਸਾਰੀ ਆਕ੍ਰਿਤੀਆਂ ਹਨ। ਇਸ ਤੋਂ ਬਿਨਾਂ ਕੁੱਝ ਆਕ੍ਰਿਤੀਆਂ ਅਜਿਹੀਆਂ ਹੁੰਦੀਆਂ ਜਿੰਨ੍ਹਾ ਦਾ ਕੋਈ ਨਿਰਧਾਰਤ ਆਕਾਰ ਨਹੀਂ ਹੁੰਦਾ ਹੈ ।





ਅਧਿਆਪਕ ਸੰਕੇਤ :

ਪੰਜ ਭੁਜਾਵਾਂ ਅਤੇ ਛੇ ਭੁਜਾਵਾਂ ਵਾਲੇ ਚਿੱਤਰ ਬਲੈਕ ਬੋਰਡ 'ਤੇ ਬਣਵਾਉਣਾ।

ਆਓ ਕਰੀਏ

ਹੇਠਾਂ ਦਿੱਤੇ ਬਿੰਦੂ ਜੰਗਲੇ **(Dot Grid)** ਦੀ ਮਦਦ ਨਾਲ, ਬਿੰਦੂਆਂ ਨੂੰ ਮਿਲਾ ਕੇ ਦੱਸੇ ਅਨੁਸਾਰ ਆਕ੍ਰਿਤੀਆਂ ਬਣਾਓ :



ਵਰਗ



ਪੰਜ-ਭੁਜ



ਤਿਕੋਣ



ਛੇ-ਭੁਜ



ਆਇਤ



ਤੁਹਾਡੀ ਮਨਪਸੰਦ ਆਕ੍ਰਿਤੀ

ਗਿਣਤੀ ਮਿਲਾਓ – ਆਕਾਰ ਬਣਾਓ :

	1	2	3	
	8		4	
	7	6	5	

		1		
	2		8	
3	4	5	6	7

10	1	2	3	
9			4	
8	7	6	5	

	1	2		
9		3		
8		4		
7	6	5		

ਦੋ ਪਾਸਾਰੀ ਆਕ੍ਰਿਤੀਆਂ ਦੀ ਗੁਣਾਂ ਦੇ ਆਧਾਰ 'ਤੇ ਪਹਿਚਾਣ :

ਅਸੀਂ ਵੱਖ ਵੱਖ ਦੋ ਪਾਸਾਰੀ ਆਕ੍ਰਿਤੀਆਂ ਬਾਰੇ ਜਾਣ ਚੁੱਕੇ ਹਾਂ। ਇਨ੍ਹਾਂ ਆਕ੍ਰਿਤੀਆਂ ਦੀਆਂ ਵਿਸ਼ੇਸ਼ਤਾਵਾਂ ਅਤੇ ਗੁਣ ਵੱਖ-ਵੱਖ ਹੁੰਦੇ ਹਨ। ਹੁਣ ਅਸੀਂ ਇਨ੍ਹਾਂ ਗੁਣਾਂ ਬਾਰੇ ਜਾਣਾਂਗੇ ।

ਸਾਨੂੰ ਪਹਿਲਾਂ ਪਤਾ ਹੈ ਕਿ ਦੋ ਪਾਸਾਰੀ ਆਕ੍ਰਿਤੀਆਂ ਦੀਆਂ ਭੁਜਾਵਾਂ ਅਤੇ ਕੋਨੇ ਹੁੰਦੇ ਹਨ। ਇਹਨਾਂ ਆਕ੍ਰਿਤੀਆਂ ਦੀ ਪਛਾਣ ਅਸੀਂ ਇਨ੍ਹਾਂ ਦੀਆਂ ਭੁਜਾਵਾਂ ਅਤੇ ਕੋਨਿਆਂ ਦੀ ਗਿਣਤੀ ਤੋਂ ਕਰ ਸਕਦੇ ਹਾਂ। ਜਿਵੇਂ ਕਿ ਤਿਕੋਣ ਦੀਆਂ ਤਿੰਨ ਭੁਜਾਵਾਂ ਅਤੇ ਤਿੰਨ ਹੀ ਕੋਨੇ ਹੁੰਦੇ ਹਨ। ਇਸੇ ਤਰ੍ਹਾਂ ਆਇਤ ਅਤੇ ਵਰਗ ਦੋਵਾਂ ਦੀਆਂ ਚਾਰ ਭੁਜਾਵਾਂ ਅਤੇ ਚਾਰ ਕੋਨੇ ਹੁੰਦੇ ਹਨ।



ਤਿੰਨ ਭੁਜਾਵਾਂ ਤਿੰਨ ਕੋਨੇ	ਚਾਰ ਭੁਜਾਵਾਂ ਚਾਰ ਕੋਨੇ	ਚਾਰ ਭੁਜਾਵਾਂ ਚਾਰ ਕੋਨੇ

ਹੁਣ ਅਸੀਂ ਆਇਤ ਅਤੇ ਵਰਗ ਦੀ ਇੱਕ ਹੋਰ ਵਿਸ਼ੇਸ਼ਤਾ ਬਾਰੇ ਜਾਣਦੇ ਹਾਂ। ਇਹ ਵਿਸ਼ੇਸ਼ਤਾ ਹੈ, ਵਿਕਰਨ। ਜੇਕਰ ਅਸੀਂ ਆਇਤ ਜਾਂ ਵਰਗ ਦੇ ਸਨਮੁੱਖ (ਸਾਹਮਣੇ) ਕੋਨਿਆਂ ਨੂੰ ਮਿਲਾਈਏ ਤਾਂ ਸਾਨੂੰ ਵਿਕਰਨ ਪ੍ਰਾਪਤ ਹੁੰਦਾ ਹੈ।



ਆਇਤ ਅਤੇ ਵਰਗ ਦੋਵਾਂ ਵਿੱਚ ਦੋ-ਦੋ ਵਿਕਰਨ ਹੁੰਦੇ ਹਨ। ਚੱਕਰ ਅਤੇ ਤਿਕੋਣ ਵਿੱਚ ਕੋਈ ਵਿਕਰਨ ਨਹੀਂ ਹੁੰਦਾ।

ਆਓ ਕਰੀਏ

1. ਹੇਠਾਂ ਦਿੱਤੀਆਂ ਦੋ ਪਾਸਾਰੀ ਆਕ੍ਰਿਤੀਆਂ ਵਿੱਚ ਭੁਜਾਵਾਂ ਅਤੇ ਕੋਨਿਆਂ ਦੀ ਗਿਣਤੀ ਲਿਖੋ ।

(a)



ਭੁਜਾਵਾਂ = ☐

ਕੋਨੇ = ☐

(b)



ਭੁਜਾਵਾਂ = ☐

ਕੋਨੇ = ☐

(c)



ਭੁਜਾਵਾਂ = ☐

ਕੋਨੇ = ☐

(d)



ਭੁਜਾਵਾਂ = ☐

ਕੋਨੇ = ☐

2. ਹੇਠਾਂ ਦਿੱਤੇ ਚਿੱਤਰਾਂ ਵਿੱਚ ਵਿਕਰਣ ਖਿੱਚੋ :



![ਆਓ ਸਿੱਖੀਏ]

ਚੀਨੀ ਅੜਾਉਣੀ (Tangram) ਟੁੱਕੜੀਆਂ ਰਾਹੀਂ ਆਕ੍ਰਿਤੀਆਂ ਬਨਾਉਣਾ

ਟੈਨਗ੍ਰਾਮ ਦੇ ਵੱਖ-ਵੱਖ ਟੁੱਕੜਿਆਂ ਨਾਲ ਅਸੀਂ ਕਈ ਤਰ੍ਹਾਂ ਦੀਆਂ ਆਕ੍ਰਿਤੀਆਂ/ਚਿੱਤਰ ਬਣਾ ਸਕਦੇ ਹਾਂ। ਅੱਜ ਅਸੀਂ ਪੰਜ ਟੁੱਕੜਿਆਂ ਅਤੇ ਸੱਤ ਟੁੱਕੜਿਆਂ ਵਾਲੇ ਟੈਨਗ੍ਰਾਮ ਦੀ ਵਰਤੋਂ ਕਰਕੇ ਆਕ੍ਰਿਤੀਆਂ ਬਣਾਵਾਂਗੇ।

ਪੰਜ ਟੁੱਕੜਿਆਂ ਵਾਲਾ ਟੈਨਗ੍ਰਾਮ– ਪੰਜ ਟੁੱਕੜਿਆਂ ਤੋਂ ਮਿਲਕੇ ਬਣੇ ਵਰਗ ਨੂੰ 5 ਟੁੱਕੜਿਆਂ ਵਾਲਾ ਟੈਨਗ੍ਰਾਮ ਕਿਹਾ ਜਾਂਦਾ ਹੈ। ਚਿੱਤਰ ਵਿੱਚ ਦਿੱਤੇ ਪੰਜ ਟੁੱਕੜਿਆਂ ਵਾਲੇ ਟੈਨਗ੍ਰਾਮ ਦੀ ਵਰਤੋਂ ਕਰਕੇ ਹੇਠਾਂ ਦਿੱਤੀਆਂ ਆਕ੍ਰਿਤੀਆਂ ਬਣਾਓ।



ਅਧਿਆਪਕ ਸੰਕੇਤ :

ਚਾਰਟ ਜਾਂ ਗੱਤੇ ਨਾਲ ਟੈਨਗ੍ਰਾਮ ਬਣਾਉਣਾ।

ਆਓ ਕਰੀਏ

1. ਤੁਹਾਡੇ ਟੈਨਗ੍ਰਾਮ ਵਿੱਚ ਕਿੰਨੇ ਤ੍ਰਿਭੁਜ ਹਨ ?
2. ਟੈਨਗ੍ਰਾਮ ਦੇ ਟੁੱਕੜਿਆਂ ਦੀ ਵਰਤੋਂ ਕਰਕੇ ਹੇਠਾਂ ਦਿੱਤੀਆਂ ਆਕ੍ਰਿਤੀਆਂ ਬਣਾਓ।



(1) (2) (3) (4)

3. ਪਤਾ ਲਗਾਓ ਕਿ ਟੁੱਕੜਾ ਨੰਬਰ 2 ਅਤੇ 4 ਵਿੱਚ ਕਿਹੜਾ ਕਿਨਾਰਾ ਬਰਾਬਰ ਹੈ ?

ਆਓ ਸਿੱਖੀਏ

7-ਟੁੱਕੜਿਆਂ ਵਾਲਾ ਟੈਨਗ੍ਰਾਮ :

ਸੱਤ ਟੁੱਕੜਿਆਂ ਤੋਂ ਮਿਲਕੇ ਬਣੇ ਵਰਗ ਨੂੰ 7-ਟੁੱਕੜਿਆਂ ਵਾਲਾ ਟੈਨਗ੍ਰਾਮ ਕਿਹਾ ਜਾਂਦਾ ਹੈ। ਚਿੱਤਰ ਵਿੱਚ ਦਿੱਤੇ ਸੱਤ ਟੁੱਕੜਿਆਂ ਵਾਲੇ ਟੈਨਗ੍ਰਾਮ ਦੀ ਵਰਤੋਂ ਕਰਕੇ ਅਗਲੇ ਪੰਨੇ 'ਤੇ ਦਿੱਤੀਆਂ ਆਕ੍ਰਿਤੀਆਂ ਬਣਾਓ।







ਆਓ ਕਰੀਏ

(a) ਕੇਵਲ ਤ੍ਰਿਭੁਜਾਂ ਦੀ ਵਰਤੋਂ ਕਰਕੇ ਹੇਠ ਦਿੱਤੀ ਆਕ੍ਰਿਤੀ ਬਣਾਓ।



(b) ਟੁੱਕੜਾ ਨੰਬਰ 1,2,3 ਅਤੇ 5 ਦੀ ਵਰਤੋਂ ਕਰਕੇ ਹੇਠ ਦਿੱਤੀ ਆਕ੍ਰਿਤੀ ਬਣਾਓ।

(c) ਕੇਵਲ ਦੋ ਤ੍ਰਿਭੁਜਾਂ ਦੀ ਵਰਤੋਂ ਕਰਕੇ ਹੇਠ ਦਿੱਤੀ ਆਕ੍ਰਿਤੀ ਬਣਾਓ।

(d) ਟੁਕੜਾ ਨੰਬਰ 5 ਅਤੇ 7 ਦੀ ਵਰਤੋਂ ਕਰੋ। ਹੇਠ ਦਿੱਤੀ ਆਕ੍ਰਿਤੀ ਬਣਾਓ।



ਖਾਸ ਕਿਸਮ ਦੀਆਂ ਟਾਇਲਾਂ ਦੁਆਰਾ ਆਕ੍ਰਿਤੀਆਂ ਬਣਾਉਣਾ :

ਤੁਸੀਂ ਆਪਣੇ ਘਰਾਂ ਵਿੱਚ ਲੱਗੇ ਫਰਸ਼ ਨੂੰ ਦੇਖਿਆ ਹੈ । ਇਸ ਫਰਸ਼ ਉੱਪਰ ਵੱਖ-ਵੱਖ ਟਾਇਲਾਂ ਦੇ ਡਿਜ਼ਾਇਨ ਬਣੇ ਹੁੰਦੇ ਹਨ । ਉਦਾਹਰਨ ਵਜੋਂ ਇਹ ਟਾਇਲ ਦੇਖੋ :

ਇਹ ਟਾਇਲਾਂ ਆਪਸ ਵਿੱਚ ਜੁੜ ਕੇ ਫਰਸ਼ ਨੂੰ ਢੱਕ ਲੈਂਦੀਆਂ ਹਨ ।



1. ਇੱਥੇ ਦੋ ਟਾਇਲਾਂ ਹਨ । ਇਹਨਾਂ ਦੇ ਸਾਹਮਣੇ ਦੋ ਡਿਜ਼ਾਇਨ ਬਣੇ ਹਨ । ਲਾਇਨਾਂ ਖਿੱਚ ਕੇ ਮਿਲਾਣ ਕਰੋ ਕਿ ਕਿਹੜਾ ਡਿਜ਼ਾਇਨ ਕਿਸ ਟਾਇਲ ਨਾਲ ਬਣਿਆ ਹੈ ?



2. ਹੇਠਾਂ ਦਿੱਤੇ ਖੇਤਰ ਨੂੰ ਦਿਖਾਏ ਅਨੁਸਾਰ ਟਾਇਲਾਂ ਨਾਲ ਢੱਕੋ ਅਤੇ ਰੰਗ ਭਰੋ :



ਨਕਸ਼ੇ ਦਾ ਗਿਆਨ ਅਤੇ ਨਕਸ਼ੇ ਨੂੰ ਪੜ੍ਹਨਾ

ਗਤੀਵਿਧੀ

ਮੇਰੇ ਸਕੂਲ ਤੱਕ ਦਾ ਰਸਤਾ

ਮਨਪ੍ਰੀਤ ਨੇ ਆਪਣੇ ਘਰ ਤੋਂ ਸਕੂਲ ਤੱਕ ਜਾਣਾ ਹੈ। ਆਓ ਦੇਖੀਏ, ਉਹ ਘਰ ਤੋਂ ਸਕੂਲ ਤੱਕ ਕਿਸ ਤਰ੍ਹਾਂ ਪਹੁੰਚਦੀ ਹੈ :



1. ਮਨਪ੍ਰੀਤ ਘਰ ਤੋਂ ਸਕੂਲ ਵੱਲ ਤੁਰਦੀ ਹੈ।
2. ਘਰ ਤੋਂ ਪਹਿਲਾਂ ਉਹ ਸਿੱਧਾ ਜਾਵੇਗੀ ਤਾਂ ਖੱਬੇ ਹੱਥ ਪਿੰਡ ਦਾ ਬੈਂਕ ਆ ਜਾਵੇਗਾ।
3. ਬੈਂਕ ਤੋਂ ਉਹ ਸੱਜੇ ਪਾਸੇ ਮੁੜਦੀ ਹੈ।
4. ਸਿੱਧੇ ਤੁਰਨ 'ਤੇ ਅੱਗੇ ਸੱਜੇ ਪਾਸੇ ਪੁਰਾਣੇ ਬੋਹੜ ਦਾ ਰੁੱਖ ਹੈ।
5. ਅਗਰ ਉਹ ਸਿੱਧੇ ਜਾਂਦੀ ਹੈ ਤਾਂ ਅੱਗੇ ਰਸਤਾ ਬੰਦ ਹੈ।
6. ਸਕੂਲ ਜਾਣ ਲਈ ਉਹ ਖੱਬੇ ਹੱਥ ਮੁੜਦੀ ਹੈ।
7. ਖੱਬੇ ਮੁੜ ਕੇ ਸਿੱਧੇ ਜਾਣ 'ਤੇ ਸੱਜੇ ਪਾਸੇ ਪੰਚਾਇਤ ਘਰ ਦੇ ਅੱਗਿਓਂ ਹੁੰਦੇ ਹੋਏ ਉਹ ਵਕਰ ਰੇਖਾ ਅਨੁਸਾਰ ਚਲਦੀ ਹੈ।
8. ਮਨਪ੍ਰੀਤ ਦੇ ਘਰ ਤੋਂ ਸਕੂਲ ਤੱਕ ਗਲੀ ਵਿੱਚ ਟਾਇਲਾਂ ਲਗਾਓ।
9. ਅੱਗੇ ਸੱਜੇ ਮੁੜ ਕੇ ਸਾਹਮਣੇ–ਸਟੇਡੀਅਮ ਦਾ ਗੇਟ ਹੈ।
10. ਸਟੇਡੀਅਮ ਦੇ ਗੇਟ ਵੱਲ ਨਾ ਜਾ ਕੇ ਉਹ ਖੱਬੇ ਹੱਥ ਮੁੜਦੀ ਹੈ।
11. ਸਾਹਮਣੇ ਉਸ ਦੇ ਸਕੂਲ ਦਾ ਗੇਟ ਦਿਖਾਈ ਦਿੰਦਾ ਹੈ।

ਆਓ ਕਰੀਏ

- ਆਪਣੇ ਘਰ ਤੋਂ ਗੁਰਦੁਆਰੇ ਤੱਕ ਜਾਣ ਲਈ ਨਕਸ਼ਾ ਬਣਾਓ।
- ਕੀ ਗੁਰਦੁਆਰੇ ਤੱਕ ਜਾਣ ਲਈ, ਸਕੂਲ ਪਹੁੰਚਣ ਨਾਲੋਂ ਵੱਧ ਸਮਾਂ ਲੱਗਦਾ ਹੈ ?
- ਕੀ ਮਨਪ੍ਰੀਤ ਲਈ ਸਕੂਲ, ਗੁਰਦੁਆਰੇ ਤੋਂ ਵੱਧ ਦੂਰ ਹੈ ?
- ਅਜਿਹੀਆਂ ਥਾਵਾਂ ਦੀ ਸੂਚੀ ਬਣਾਓ, ਜੋ ਮਨਪ੍ਰੀਤ ਦੇ ਸਕੂਲ ਪਹੁੰਚਣ ਅਤੇ ਗੁਰਦੁਆਰੇ ਜਾਣ ਲਈ ਦੋਵਾਂ ਦੇ ਰਸਤੇ ਵਿੱਚ ਆਉਂਦੀਆਂ ਹਨ।

ਤਿੰਨ ਪਾਸਾਰੀ ਆਕ੍ਰਿਤੀਆਂ ਬਣਾਉਣਾ :

ਅਸੀਂ ਪਿਛਲੀ ਜਮਾਤ ਵਿੱਚ, ਤਿੰਨ ਪਾਸਾਰੀ ਆਕ੍ਰਿਤੀਆਂ ਬਾਰੇ ਜਾਣ ਚੁੱਕੇ ਹਾਂ ।ਅਸੀਂ ਘਣ, ਘਣਾਵ, ਸ਼ੰਕੂ, ਸਿਲੰਡਰ ਅਤੇ ਗੋਲੇ ਬਾਰੇ ਜਾਣ ਚੁੱਕੇ ਹਾਂ। ਅਸੀਂ ਇਹਨਾਂ ਠੋਸ ਆਕ੍ਰਿਤੀਆਂ ਦੇ ਪਾਸਿਆਂ, ਸਿਖ਼ਰਾਂ ਅਤੇ ਕਿਨਾਰਿਆਂ ਬਾਰੇ ਵੀ ਜਾਣਦੇ ਹਾਂ ।ਹੁਣ ਅਸੀਂ ਦੋ ਪਾਸਾਰੀ ਆਕ੍ਰਿਤੀਆਂ ਤੋਂ ਤਿੰਨ ਪਸਾਰੀ ਆਕ੍ਰਿਤੀਆਂ ਨੂੰ ਬਣਾਉਣਾ ਸਿੱਖਾਂਗੇ ।

ਗਤੀਵਿਧੀ

ਤ੍ਰਿਭੁਜ ਤੋਂ ਸ਼ੰਕੂ ਬਣਾਉਣਾ ।

ਅਧਿਆਪਕ ਵਿਦਿਆਰਥੀਆਂ ਨੂੰ ਕਾਗਜ਼ ਦੀ ਇੱਕ ਤਿਕੋਣ ਕੱਟ ਕੇ ਦੇਵੇਗਾ ।



ਕਾਗਜ਼ ਦਾ ਟੁੱਕੜਾ

ਅਧਿਆਪਕ ਹੁਣ ਇਸਨੂੰ ਸਿਖ਼ਰ ਦੇ ਗਿਰਦ ਘੁਮਾਏਗਾ।



ਇਸ ਤਰ੍ਹਾਂ, ਪ੍ਰਾਪਤ ਆਕ੍ਰਿਤੀ

ਸ਼ੰਕੂ ਬਣੇਗੀ ।

ਗਤੀਵਿਧੀ

ਆਇਤ ਤੋਂ ਸਿਲੰਡਰ ਬਣਾਉਣਾ।

ਅਧਿਆਪਕ ਵਿਦਿਆਰਥੀਆਂ ਨੂੰ ਕਾਗਜ਼ ਦੇ ਇੱਕ ਟੁੱਕੜੇ ਵਿੱਚੋਂ ਆਇਤ ਕੱਟ ਕੇ ਦੇਵੇਗਾ ।



ਕਾਗਜ਼ ਦਾ ਟੁੱਕੜਾ

ਅਧਿਆਪਕ ਹੁਣ ਇਸਨੂੰ ਇਸਦੇ ਬਿਲਕੁਲ ਅੱਧ ਵਿਚੋਂ ਘੁਮਾਏਗਾ ।



ਇਸ ਤਰ੍ਹਾਂ, ਪ੍ਰਾਪਤ ਆਕ੍ਰਿਤੀ  ਸਿਲੰਡਰ ਕਿਹਾ ਜਾਂਦਾ ਹੈ ।

ਅਧਿਆਪਕ ਸੰਕੇਤ :

ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਕਾਗਜ਼ ਕੱਟਣ ਦੀ ਕਿਰਿਆ ਦੁਹਰਾਉਂਦੇ ਹੋਏ ਘਣ, ਘਣਾਵ ਅਤੇ ਹੋਰ ਆਕ੍ਰਿਤੀਆਂ ਬਣਾ ਕੇ ਦਿਖਾਏਗਾ।